# ਪੰਜਾਬ ਸਰਕਾਰ
# ਮਾਲ ਤੇ ਪੁਨਰਵਾਸ ਵਿਭਾਗ
# (ਭੌਂ ਮਾਲੀਆ ਸ਼ਾਖਾ)

ਵਿਸ਼ਾ: "ਪੰਜਾਬ ਪਬਲਿਕ ਪਰਿਮਜ਼ਿਜ਼ ਐਂਡ ਲੈਂਡਜ਼ (ਈਵਿਕਸ਼ਨ ਐਂਡ ਰੈਂਟ ਰਿਕਵਰੀ) ਐਕਟ ਤਹਿਤ ਕੁਲੈਕਟਰ ਦੀਆਂ ਪਾਵਰਾਂ ਸਬੰਧੀ ।

ਸਮੂਹ ਵਿੱਤੀ ਕਮਿਸ਼ਨਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਕਿਰਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ ।

2. "ਪੰਜਾਬ ਪਬਲਿਕ ਪਰਿਮਜ਼ਿਜ਼ ਲੈਂਡਜ਼ (ਈਵਿਕਸ਼ਨ ਐਂਡ ਰੈਂਟ ਰਿਕਵਰੀ) ਐਕਟ, ਤਹਿਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਕੁਲੈਕਟਰ ਦੀਆਂ ਪਾਵਰਾਂ ਵਰਤਦੇ ਹਨ । ਇਨ੍ਹਾਂ ਅਧਿਕਾਰੀਆਂ ਵਲੋਂ ਬਤੌਰ ਕੁਲੈਕਟਰ ਕੀਤੇ ਫੈਸਲਿਆਂ ਵਿਰੁੱਧ ਅਪੀਲਾਂ ਮੰਡਲ ਕਮਿਸ਼ਨਰ ਬਤੌਰ "ਡੈਜ਼ਿਗਨੇਟਿਡ ਅਪੀਲੇਟ ਅਥਾਰਟੀ" ਸੁਣਦੇ ਹਨ । ਕਈ ਵਾਰ ਮੰਡਲ ਕਮਿਸ਼ਨਰ ਵਲੋਂ ਬਤੌਰ "ਡੇਜਿਗਨੇਟਿਡ ਅਪੀਲੇਟ ਅਥਾਰਟੀ" ਦਿਤੇ ਫੈਸਲਿਆਂ ਨੂੰ ਉੱਚ ਅਦਾਲਤਾਂ ਵਿਚ ਰਿਟ ਪਟੀਸ਼ਨਾਂ ਰਾਹੀਂ ਵੰਗਾਰਿਆ ਜਾਂਦਾ ਹੈ ਅਤੇ ਮੰਡਲ ਕਮਿਸ਼ਨਰ ਨੂੰ ਵੀ ਬਤੌਰ ਰਿਸਪਾਂਡੈਂਟ ਪਾਰਟੀ ਬਣਾਇਆ ਜਾਂਦਾ ਹੈ । ਅਸਲ ਵਿਚ ਅਜਿਹੇ ਕੇਸਾਂ ਵਿਚ ਮੰਡਲ ਕਮਿਸ਼ਨਰ ਪਾਰਟੀ ਨਹੀਂ ਹੁੰਦਾ ਕਿਉਂਕਿ ਉਸ ਵਲੋਂ ਕੁਆਜ਼ੀ ਜੁਡੀਸ਼ੀਅਲ ਪਾਵਰਾਂ ਤਹਿਤ ਫੈਸਲੇ ਦਿੱਤੇ ਜਾਂਦੇ ਹਨ । ਅਜਿਹੇ ਕੇਸਾਂ ਵਿਚ ਸਬੰਧਤ ਵਿਭਾਗਾਂ ਵਲੋਂ ਕੇਸਾਂ ਦੀ ਅਦਾਲਤਾਂ ਵਿਚ ਪੈਰਵੀ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ । ਪ੍ਰੰਤੂ, ਇਹ ਵੇਖਣ ਵਿਚ ਆਇਆ ਹੈ ਕਿ ਸਬੰਧਤ ਵਿਭਾਗਾਂ ਵਲੋਂ ਕੇਸਾਂ ਦੀ ਪੈਰਵੀ ਠੀਕ ਢੰਗ ਨਾਲ ਨਹੀਂ ਕੀਤੀ ਜਾਂਦੀ ਅਤੇ ਜਦੋਂ ਕੇਸ ਵਿਚ ਫੈਸਲਾ ਸਰਕਾਰ ਦੇ ਵਿਰੁੱਧ ਹੋ ਜਾਂਦਾ ਹੈ ਤਾਂ ਮੰਡਲ ਕਮਿਸ਼ਨਰ ਨੂੰ ਕੇਸ ਦੀ ਪੈਰਵੀ ਨਾ ਕਰਨ ਕਾਰਣ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਜਦੋਂ ਕਿ ਮੰਡਲ ਕਮਿਸ਼ਨਰ ਇਨ੍ਹਾਂ ਕੇਸਾਂ ਦੀ ਪੈਰਵੀ ਕਰਨ ਦੇ ਜ਼ਿੰਮੇਵਾਰ ਨਹੀਂ ਹਨ ।

3. ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਵਿਭਾਗ ਦੇ ਸਬੰਧਤ ਅਧਿਕਾਰੀ ਨੂੰ ਯੋਗ ਹਦਾਇਤਾਂ ਕੀਤੀਆਂ ਜਾਣ ਕਿ ਮੰਡਲ ਕਮਿਸ਼ਨਰਾਂ ਵਲੋਂ ਬਤੌਰ "ਅਪੀਲੇਟ ਅਥਾਰਟੀ" ਕੀਤੇ ਫੈਸਲਿਆਂ ਵਿਰੁੱਧ ਜਦੋਂ ਉਚ ਅਦਾਲਤਾਂ ਵਿਚ ਅਪੀਲਾਂ ਦਾਇਰ ਕੀਤੀਆਂ ਜਾਂਦੀਆਂ ਹਨ ਤਾਂ ਸਬੰਧਤ ਵਿਭਾਗ ਦੇ ਅਧਿਕਾਰੀ ਉਨ੍ਹਾਂ ਕੇਸਾਂ ਦੀ ਪੈਰਵੀ ਹਰ ਸਟੇਜ ਤੇ ਪੂਰਣ ਰੂਪ ਵਿਚ ਕਰਨ ਤਾਂ ਜੋ ਸਰਕਾਰ ਦੇ ਹਿੱਤ ਸੁਰਖਿਅਤ ਰਹਿ ਸਕਣ ।

ਸਹੀ/-
ਅਧੀਨ ਸਕੱਤਰ, ਪੰਜਾਬ ਸਰਕਾਰ,
ਮਾਲ ਵਿਭਾਗ

ਸੇਵਾ ਵਿਖੇ,

1. ਸਮੂਹ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ
2. ਸਮੂਹ ਪ੍ਰਬੰਧਕੀ, ਸਕੱਤਰ, ਪੰਜਾਬ ਸਰਕਾਰ

ਅੰ:ਵਿ:ਪੱਤਰ ਨੰ : 25/49/2000-ਭ.ਮ.2/3566 ਚੰਡੀਗੜ੍ਹ, ਮਿਤੀ : 29-5-2000